ਸਤਿਕਾਰਯੋਗ

**ਜਵਾਬ: ਫੇਫੜਿਆਂ ਦੀ ਮੁਫ਼ਤ ਸਿਹਤ ਜਾਂਚ ਲਈ ਟੈਲੀਫ਼ੋਨ ਮੁਲਾਕਾਤ**

ਅਸੀਂ ਫੇਫੜਿਆਂ ਦੀ ਮੁਫ਼ਤ ਸਿਹਤ ਜਾਂਚ ਦੀ ਸੁਵਿਧਾ ਉਪਲਬਧ ਕਰਾਉਣ ਲਈ NHS ਨਾਲ ਮਿਲਕੇ ਕੰਮ ਕਰ ਰਹੇ ਹਾਂ ਅਤੇ ਤੁਹਾਨੂੰ ਇੱਕ ਟੈਲੀਫ਼ੋਨ ਮੁਲਾਕਾਤ ਲਈ ਸੱਦਾ ਦੇਣਾ ਚਾਹੁੰਦੇ ਹਾਂ।

ਫੇਫੜਿਆਂ ਦੀ ਸਿਹਤ ਜਾਂਚ ਰਾਹੀਂ ਇਹ ਪਤਾ ਲਗਾਉਣ ਵਿੱਚ ਮਦਦ ਮਿਲੇਗੀ ਕਿ ਤੁਹਾਡੇ ਫੇਫੜੇ ਲੋੜ ਮੁਤਾਬਕ ਕੰਮ ਕਰ ਰਹੇ ਹਨ ਜਾਂ ਨਹੀਂ। ਆਪਣੀ ਮੁਲਾਕਾਤ ਲਈ ਉਪਲਬਧ ਰਹਿਣਾ ਬਹੁਤ ਜ਼ਰੂਰੀ ਹੈ। ਭਾਵੇਂ ਤੁਸੀਂ ਠੀਕ ਮਹਿਸੂਸ ਕਰ ਰਹੇ ਹੋ, ਪਰ ਫਿਰ ਵੀ ਜਾਂਚ ਵਿੱਚ ਕਿਸੇ ਸਮੱਸਿਆ ਦਾ ਮੁਢਲੇ ਪੜਾਅ 'ਤੇ ਹੀ ਪਤਾ ਲੱਗ ਸਕਦਾ ਹੈ, ਜਿਸ ਨਾਲ ਤੁਹਾਡਾ ਇਲਾਜ ਕਰਨਾ ਹੋਰ ਸੌਖਾ ਹੋ ਜਾਵੇਗਾ।

ਕਿਰਪਾ ਕਰਕੇ ਨਾਲ ਨੱਥੀ ਕਿਤਾਬਚਾ ਖੋਲ੍ਹੋ, ਜਿਸ ਵਿੱਚ ਫੇਫੜਿਆਂ ਦੀ ਸਿਹਤ ਜਾਂਚ ਬਾਰੇ ਵਿਸਥਾਰਤ ਜਾਣਕਾਰੀ ਦਿੱਤੀ ਗਈ ਹੈ। ਤੁਹਾਡੀ ਪਹਿਲੀ ਮੁਲਾਕਾਤ ਟੈਲੀਫ਼ੋਨ ਰਾਹੀਂ ਹੋਵੇਗੀ ਅਤੇ ਤਕਰੀਬਨ 10-15 ਮਿੰਟਾਂ ਤੱਕ ਚੱਲੇਗੀ। ਨੋਟਿੰਘਮ ਸ਼ਹਿਰ ਵਿੱਚ ਉਪਲਬਧ ਫੇਫੜਿਆਂ ਦੀ ਸਿਹਤ ਜਾਂਚ ਬਾਰੇ ਵਧੇਰੀ ਜਾਣਕਾਰੀ ਲਈ, ਕਿਰਪਾ ਕਰਕੇ www.nottslunghealthcheck.nhs.uk 'ਤੇ ਜਾਓ।

ਤੁਹਾਡੀ ਮੁਲਾਕਾਤ ਦੇ ਵੇਰਵੇ ਇਸ ਤਰ੍ਹਾਂ ਹਨ:

ਤਾਰੀਖ਼

ਸਮਾਂ

ਸਥਾਨ

ਸਾਡੇ ਮਰੀਜ਼ ਦੇਖਭਾਲ ਸਲਾਹਕਾਰ ਤੁਹਾਡੀ ਮੁਲਾਕਾਤ ਲਈ ਨਿਰਧਾਰਤ ਸਮੇਂ ਦੇ ਇੱਕ ਘੰਟੇ ਦੇ ਅੰਦਰ-ਅੰਦਰ ਤੁਹਾਨੂੰ ਕਾਲ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰਨਗੇ। ਬਹੁਤ ਹੀ ਘੱਟ ਮਾਮਲਿਆਂ ਵਿੱਚ, ਕੁਝ ਅਣਚਾਹੇ ਹਾਲਾਤਾਂ ਕਰਕੇ ਤੁਹਾਨੂੰ ਤੁਹਾਡੇ ਲਈ ਪਹਿਲਾਂ ਤੋਂ ਨਿਰਧਾਰਤ ਸਮੇਂ ਦੇ ਬਾਅਦ ਕਾਲ ਕੀਤੀ ਜਾ ਸਕਦੀ ਹੈ।

ਜੇ ਤੁਸੀਂ ਇਸ ਮੁਲਾਕਾਤ ਲਈ ਉਪਲਬਧ ਨਹੀਂ ਹੋ ਸਕਦੇ, ਇਸ ਦਾ ਸਮਾਂ ਕੁਝ ਹੋਰ ਰੱਖਣਾ ਚਾਹੁੰਦੇ ਹੋ ਜਾਂ ਫਿਰ ਕੋਈ ਸਵਾਲ ਪੁੱਛਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਬੁਕਿੰਗ ਦਫ਼ਤਰ ਨੂੰ 0115 896 3600 'ਤੇ ਕਾਲ ਕਰੋ ਜਾਂ ਫਿਰ nc.lunghealthcheck@nhs.net 'ਤੇ ਈਮੇਲ ਕਰੋ।

ਅਸੀਂ ਤੁਹਾਡੀ ਮੁਲਾਕਾਤ ਤੋਂ 72 ਅਤੇ 24 ਘੰਟੇ ਪਹਿਲਾਂ ਤੁਹਾਨੂੰ ਯਾਦ ਦਵਾਉਂਦੇ ਸੁਨੇਹੇ ਭੇਜਾਂਗੇ। ਇਸਦੀ ਬਜਾਏ, ਜੇ ਤੁਸੀਂ ਯਾਦ ਪੱਤਰ ਪ੍ਰਾਪਤ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਉੱਪਰ ਦਿੱਤੇ ਬੁਕਿੰਗ ਦਫ਼ਤਰ ਦੇ ਵੇਰਵਿਆਂ ਰਾਹੀਂ ਸਾਡੇ ਨਾਲ ਸੰਪਰਕ ਕਰੋ। ਜੇ ਤੁਹਾਨੂੰ ਬਿਮਾਰੀ ਜਾਂ ਕਿਸੇ ਹੋਰ ਕਾਰਣ ਕਰਕੇ ਮੁਲਾਕਾਤ ਲਈ ਕੋਈ ਬਾਅਦ ਦੀ ਤਾਰੀਖ਼ ਚਾਹੀਦੀ ਹੈ, ਤਾਂ ਕਿਰਪਾ ਕਰਕੇ ਉੱਪਰ ਦਿੱਤੇ ਵੇਰਵਿਆਂ ਰਾਹੀਂ ਸਾਡੇ ਨਾਲ ਸੰਪਰਕ ਕਰਕੇ ਸਾਨੂੰ ਦੱਸ ਦਿਓ। ਜੇ ਤੁਸੀਂ ਇਹ ਸੇਵਾ ਨਹੀਂ ਲੈਣਾ ਚਾਹੁੰਦੇ ਹੋ ਅਤੇ ਨਹੀਂ ਚਾਹੁੰਦੇ ਕਿ ਤੁਹਾਡੇ ਨਾਲ ਅੱਗੇ ਤੋਂ ਸੰਪਰਕ ਕੀਤਾ ਜਾਵੇ, ਤਾਂ ਵੀ ਤੁਸੀਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ।

ਤਹਿ ਦਿਲੋਂ

ਫੇਫੜਿਆਂ ਦੀ ਸਿਹਤ ਜਾਂਚ ਟੀਮ